## ਅੱਠਵੀਂ ਸ਼੍ਰੇਣੀ
## ਜਿਉਮੈਟਰੀਕਲ ਡਰਾਇੰਗ ਅਤੇ ਚਿੱਤਰਕਲਾ

ਲਿਖਤੀ: 90 ਅੰਕ

ਸਮਾਂ: 3 ਘੰਟੇ ਸੀ.ਸੀ.ਈ. : 10 ਅੰਕ

ਕੁੱਲ: 100 ਅੰਕ

### ਪ੍ਰਸ਼ਨ ਪੱਤਰ ਦੀ ਰੂਪ-ਰੇਖਾ (ਲਿਖਤੀ)

**ਨੋਟ:—ਇਸ ਪੇਪਰ ਵਿੱਚ ਕੁੱਲ 5 ਪ੍ਰਸ਼ਨ ਸੈੱਟ ਕੀਤੇ ਜਾਣਗੇ।**

**(ੳ) ਜਿਉਮੈਟਰੀਕਲ ਡਰਾਇੰਗ ਅਤੇ**

**(ਅ) ਵਸਤੂ ਚਿਤਰਨ ਦੇ ਪ੍ਰਸ਼ਨ ਕਰਨੇ ਜ਼ਰੂਰੀ ਹੋਣਗੇ ਅਤੇ ਇਹ ਕ੍ਰਮਵਾਰ 33-35 ਅੰਕ ਦੇ ਹੋਣਗੇ।**

**(ੲ) ਭਾਗ ਵਿੱਚੋਂ ਤਿੰਨ ਪ੍ਰਸ਼ਨ ਸੈੱਟ ਕੀਤੇ ਜਾਣਗੇ ਜਿਨ੍ਹਾਂ ਵਿੱਚੋਂ ਇੱਕ ਪ੍ਰਸ਼ਨ ਕਰਨਾ ਹੋਵੇਗਾ। ਇਸ ਪ੍ਰਸ਼ਨ ਦੇ 22 ਅੰਕ ਹੋਣਗੇ।**

### ਭਾਗ - 1 (ਡਰਾਇੰਗ)
### ਜਿਉਮੈਟਰੀਕਲ ਡਰਾਇੰਗ ਅੰਕ:33

**(ੳ) ਜਿਉਮੈਟਰੀਕਲ ਡਰਾਇੰਗ (ਜ਼ਰੂਰੀ)**

1. ਬਹ-ਭੁਜਾਵਾਂ ਅਤੇ ਉਨ੍ਹਾਂ ਦੀਆਂ ਕਿਸਮਾਂ ਤੇ ਅਧਾਰਿਤ ਪ੍ਰਸ਼ਨ।

**- -ਇਹਨਾਂ ਵਿੱਚੋਂ ਦੋ ਪ੍ਰਸ਼ਨ ਪਾਏ ਜਾਣਗੇ। ਜਿਨ੍ਹਾਂ ਵਿੱਚੋਂ ਇੱਕ ਪ੍ਰਸ਼ਨ ਕਰਨਾ ਹੋਵੇਗਾ। ਅੰਕ:11**

2 ਛੋਹਤ ਰੇਖਾਵਾਂ ਤੇ ਅਧਾਰਿਤ ਪ੍ਰਸ਼ਨ।

**- -ਇਹਨਾਂ ਵਿੱਚੋਂ ਦੋ ਪ੍ਰਸ਼ਨ ਪਾਏ ਜਾਣਗੇ। ਜਿਨ੍ਹਾਂ ਵਿੱਚੋਂ ਇੱਕ ਪ੍ਰਸ਼ਨ ਕਰਨਾ ਹੋਵੇਗਾ। ਅੰਕ:11**

3. ਚੱਕਰਾਂ ਤੇ ਅਧਾਰਿਤ ਪ੍ਰਸ਼ਨ।

**- -ਇਹਨਾਂ ਵਿੱਚੋਂ ਦੋ ਪ੍ਰਸ਼ਨ ਪਾਏ ਜਾਣਗੇ। ਜਿਨ੍ਹਾਂ ਵਿੱਚੋਂ ਇੱਕ ਪ੍ਰਸ਼ਨ ਕਰਨਾ ਹੋਵੇਗਾ। ।ਅੰਕ:11**

### ਭਾਗ - 2 (ਚਿੱਤਰਕਲਾ)

**(ਅ) ਮਾਡਲ ਡਰਾਇੰਗ (Model Drawing) (ਵਸਤੂ ਚਿਤਰਣ) (ਜ਼ਰੂਰੀ) ) ਅੰਕ:35**

ਦੋ ਵਸਤੂਆਂ ਨੂੰ ਇਕੱਠਾ ਰੱਖਕੇ ਚਿਤਰਣ ਕਰਨਾ। ਉਹਨਾਂ ਵਿੱਚੋਂ ਇੱਕ ਗੋਲਾਕਾਰ ਹੋਵੇ ਤੇ ਦੂਜਾ ਆਇਤਾਕਾਰ ਜਾਂ ਵਰਗਾਕਾਰ । ਇਹਨਾਂ ਵਸਤੂਆਂ ਦੇ ਚਿੱਤਰਾਂ ਦੀ ਪੂਰਤੀ ਦਾ ਕੰਮ ਪੈਨਸਿਲ ਜਾਂ ਰੰਗਾਂ ਦੁਆਰਾ ਪ੍ਰਕਾਸ਼ ਤੇ ਛਾਂ ਸਿਧਾਂਤ ਨੂੰ ਮੁੱਖ ਰੱਖਦਿਆਂ ਕੀਤਾ ਜਾਵੇ।

**(ੲ) ਕਲਪਨਾਮਈ ਚਿੱਤਰਕਲਾ (Imaginative Drawing) ) ਅੰਕ:22**

1. (i) ਫਰੀਹੈਂਡ ਸਕੈਚਿੰਗ (Freehand Sketching) ਚਾਰਕੋਲ, ਪੈਨਸਲ ,ਕਰੇਓਨ ਪੇਸਟਲ(Crayon Pastel), ਬੁਰਸ਼ ਅਤੇ ਰੰਗਾਂ ਦੁਆਰਾ ਆਕਾਰਾਂ ਦੇ ਕਲਪਨਾਮਈ ਸਕੈਚ ਤਿਆਰ ਕਰਨੇ ।

( ii) ਬੱਚੇ ਦਾ ਸੁਤੰਤਰ ਸਵੈ-ਪ੍ਰਗਟਾਵਾ (Freehand self expression):- ਸੁਤੰਤਰ ਪ੍ਰਗਟਾਅ ਦੁਆਰਾ ਜੀਵਨ ਦੀਆਂ ਘਟਨਾਵਾਂ ਅਤੇ ਜਾਣੇ-ਪਛਾਣੇ ਦ੍ਰਿਸ਼ਾਂ ਦੀ ਚਿਤਰਕਾਰੀ ਜਿਵੇਂ:-(1) ਪੂਜਾ ਕਰਦੀ ਇਸਤਰੀ (2) ਸਪੇਰਾ (3) ਭੰਗੜਾ ਪਾਉਂਦਾ ਮੁੰਡਾ (4) ਕਿਸਾਨ

(iii) ਧਰਤੀ ਦ੍ਰਿਸ਼ ਚਿਤਰਨ ( Landscape Painting) ਜਿਵੇਂ:- ਨਦੀ, ਪਹਾੜ, ਦਰਖਤ, ਰਸਤਾ, ਘਰ, ਖੇਤ, ਝੌਂਪੜੀ, ਪੰਛੀ ਅਤੇ ਮਨੁੱਖ ਦਰਸਾਉਂਦੇ ਧਰਤੀ ਦ੍ਰਿਸ਼।

**2. ਆਕਾਰੀ ਰੇਖਾ ਚਿੱਤਰ (Figure Drawing) ) ਅੰਕ:22**

(i) ਤੀਲੀ ਰੇਖਾਵਾਂ ਦੁਆਰਾ ਡਰਾਇੰਗ (Stick figure Drawing )

(ii) ਕਾਰਟੂਨ ਡਰਾਇੰਗ (cartoon Drawing) ਹਾਸਰਸ/ਵਿਅੰਗ ਤੇ ਅਧਾਰਿਤ ਮਨੁੱਖੀ, ਜਾਨਵਰ ਅਤੇ ਪੰਛੀਆਂ ਦੇ ਕਾਰਟੂਨ ਚਿੱਤਰ ਤਿਆਰ ਕਰਨੇ।

(iii) ਪੰਛੀ ਅਤੇ ਪਸ਼ੂਆਂ ਦੇ ਆਕਾਰੀ ਰੇਖਾ ਚਿੱਤਰ ਜਿਵੇਂ ਕੁੱਕੜ, ਮੋਰ, ਹਿਰਨ ਅਤੇ ਖਰਗੋਸ਼ ਦੇ ਚਿੱਤਰ ਬਣਾਉਣੇ ਸਿਖਾਏ ਜਾਣ।

**3. ਅੱਖਰ ਲਿਖਣ ਕਲਾ ਅਤੇ ਪੋਸਟਰ ਡਿਜ਼ਾਈਨਿੰਗ (Lettering & Poster Designing) ) ਅੰਕ:22**

(i) ਕਿਸੇ ਨਿਸ਼ਚਿਤ ਉਚਾਈ ਦੇ ਮੋਟੇ ਅਤੇ ਸਪੱਸ਼ਟ ਅੱਖਰਾਂ ਦੁਆਰਾ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਆਦਰਸ਼ਕ ਸੰਦੇਸ਼ ਲਿਖਣੇ।

**ਨੋਟ: ਉਰਦੂ ਮਾਧਿਅਮ ਵਾਲੇ ਵਿਦਿਆਰਥੀ ਉਰਦੂ ਵਿੱਚ ਅੱਖਰ ਲਿਖ ਸਕਦੇ ਹਨ ।**

(ii) ਪੋਸਟਰ ਡਿਜ਼ਾਈਨਿੰਗ/ ਸੰਦੇਸ਼ ਚਿੱਤਰ : ਸਕੂਲ ਨਾਲ ਸਬੰਧਤ ਕਿਰਿਆਵਾਂ ਦੇ ਪੋਸਟਰ ਤਿਆਰ ਕਰਨੇ ਜਿਵੇਂ ਫੁੱਲ ਉਗਾਉ, ਸਾਇੰਸ ਮੇਲਾ, ਸਾਲਾਨਾ ਖੇਡਾਂ, ਖੂਨ ਦਾਨ ਕਰ, ਅਧਿਕ ਦੁੱਧ ਪੀਉ ਆਦਿ।

**4. ਡਿਜ਼ਾਇਨ (Design) ਅੰਕ:22**

(i) ਕੁਦਰਤੀ ਅਤੇ ਜਿਉਮੈਟਰੀਕਲ ਆਕਾਰਾਂ ਤੋਂ ਡਿਜ਼ਾਇਨ ਤਿਆਰ ਕਰਨੇ। ਡਿਜ਼ਾਇਨ ਬਣਾਉਣ ਲਈ ਵਰਗਾਕਾਰ (15 ਸੈ. ਮੀ.× 15 ਸੈ.ਮੀ.) ਜਾਂ ਆਇਤਾਕਾਰ (12 ਸੈ. ਮੀ.× 15 ਸੈ.ਮੀ.) ਆਕਾਰ ਦੇ ਤਲ ਦਿੱਤੇ ਜਾਣ। ਜਿਉਮੈਟਰੀ ਸ਼ਕਲ ਬਣਾ ਕੇ ਨਾਲ-ਨਾਲ ਸਾਧਾਰਨ ਫੁੱਲ ਪੱਤੀਆਂ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ । ਇਹਨਾਂ ਵਿੱਚ ਰੰਗ ਭਰੇ ਜਾਣ।

(ii) ਕੋਲਾਜ (Collage) ਦੀ ਰਚਨਾ ਕਾਗਜ਼ ਨੂੰ ਕੱਟ ਕੇ, ਜੋੜ ਕੇ , ਤਰਤੀਬ ਦੇ ਕੇ ਰੰਗਦਾਰ ਕਾਗਜ਼ਾ ਨਾਲ ਚਿੱਤਰ ਤਿਆਰ ਕਰਨੇ ਜਿਵੇ: ਧਰਤੀ ਦ੍ਰਿਸ਼ ਤੇ ਪੰਛੀ ਆਦਿ।

(iii) ਸਟੈਂਸਲਿੰਗ(Stencilling): ਅੱਖਰਾਂ, ਫੁੱਲਾਂ, ਪੱਤੀਆਂ ਦੇ ਸਟੈਂਸਲ ਕੱਟਣੇ।